Australian Government

NATIONAL BOWELCANCER SCREENING PROGRAM




# ਜਾਣਕਾਰੀ ਕਿਤਾਬਚਾ

ਜਾਂਚ ਕਿੱਟ ਸਹਾਇਤਾ ਲਾਈਨ: 1800 930 998

ਪ੍ਰੋਗਰਾਮ ਜਾਣਕਾਰੀ ਲਾਈਨ: 1800 118 868

ਰਾਸ਼ਟਰੀ ਅੰਤੜੀ ਦੇ ਕੈਂਸਰ ਦੇ ਛਾਣਬੀਣ (ਨੈਸ਼ਨਲ ਬਾਊਲ ਕੈਂਸਰ ਸਕਰੀਨਿੰਗ) ਦੇ ਪ੍ਰੋਗਾਮ ਬਾਰੇ................. 3
ਅੰਤੜੀ ਦਾ ਕੈਂਸਰ........................................................................................ 5
ਤੁਹਾਡੀ ਜਾਂਚ ਕਿੱਟ...................................................................................... 9
ਕੋਲੋਨੋਸਕੋਪੀ........................................................................................... 13
ਪ੍ਰੋਗਰਾਮ ਦਾ ਰਜਿਸਟਰ................................................................................ 14
ਸਹਾਇਤਾ ਦੀ ਲੋੜ ਹੈ? ................................................................................. 20

## ਛਾਪਣ ਦਾ ਅਧਿਕਾਰ

© 2017 ਕੌਮਨਵੈਲਥ ਆਫ ਆਸਟ੍ਰੇਲੀਆ ਜਿਵੇਂ ਕਿ ਸਿਹਤ ਵਿਭਾਗ ਵੱਲੋਂ ਪੇਸ਼ ਕੀਤਾ ਗਿਆ ਹੈ

ਇਸ ਦੇ ਛਾਪਣ ਦਾ ਅਧਿਕਾਰ ਸਾਡੇ ਕੋਲ ਹਨ। ਤੁਸੀਂ ਆਪਣੀ ਜਾਤੀ ਵਰਤੋਂ ਲਈ ਬਿਨਾਂ ਬਦਲਿਆਂ ਇਸ ਦੀ ਨਕਲ ਡਾਊਨਲੋਡ,ਵਿਖਾਅ ਅਤੇ ਦੋਬਾਰਾ ਛਾਪ ਸਕਦੇ ਹੋ ਜਾਂ ਜੇਕਰ ਤੁਸੀਂ ਕਿਸੇ ਸੰਸਥਾ ਦਾ ਹਿੱਸਾ ਹੋ, ਆਪਣੀ ਸੰਸਥਾ ਦੀ ਅੰਦਰੂਨੀ ਵਰਤੋਂ ਵਾਸਤੇ, ਪਰ ਸਿਰਫ ਜੇਕਰ ਤੁਹਾਡੀ ਸੰਸਥਾ:

(ੳ) ਨਕਲ ਜਾਂ ਦੋਬਾਰਾ ਛਾਪਣ ਨੂੰ ਕਿਸੇ ਵੀ ਵਪਾਰਕ ਕੰਮ ਲਈ ਨਹੀਂ ਵਰਤੋਗੇ; ਅਤੇ

(ਅ) ਛਾਪਣ ਦੇ ਅਧਿਕਾਰ ਦੀ ਸੂਚਨਾ ਅਤੇ ਬੇਦਾਅਵੇ ਦੀਆਂ ਸਾਰੀਆਂ ਸੂਚਨਾਵਾਂ ਨਕਲ ਜਾਂ ਦੋਬਾਰਾ ਛਾਪਣ ਦਾ ਹਿੱਸਾ ਹੋਣਗੀਆਂ।

ਕਾਪੀਰਾਈਟ ਕਨੂੰਨ 1968 (Cth) ਦੀ ਆਗਿਆ ਅਨੁਸਾਰ ਮਿਲੇ ਅਧਿਕਾਰਾਂ ਤੋਂ ਇਲਾਵਾ ਜਾਂ ਛਾਪਣ ਦੇ ਅਧਿਕਾਰ ਦੀ ਇਸ ਸੂਚਨਾ ਦੀ ਆਗਿਆ ਰਾਹੀਂ ਬਾਕੀ ਸਾਰੇ ਅਧਿਕਾਰ ਸੁਰੱਖਿਅਤ ਹਨ ਜਿਸ ਵਿੱਚ ਸਾਰੇ ਵਪਾਰਕ ਅਧਿਕਾਰ ਸ਼ਾਮਲ (ਪਰ ਇਥੋਂ ਤੱਕ ਸੀਮਤ ਨਹੀਂ) ਹਨ।

ਦੋਬਾਰਾ ਛਾਪਣ ਅਤੇ ਵਰਤੋਂ ਦੇ ਹੋਰ ਅਧਿਕਾਰਾਂ ਬਾਰੇ ਬੇਨਤੀਆਂ ਤੇ ਪੁੱਛ-ਗਿੱਛ ਕਮਿਊਨੀਕੇਸ਼ਨ ਬਰਾਂਚ, ਡਿਪਾਰਟਮੈਂਟ ਆਫ ਹੈਲਥ, ਜੀ ਪੀ ਓ ਬੌਕਸ 9848, ਕੈਨਬਰਾ ਏ ਸੀ ਟੀ 2601 ਜਾਂ ਈਮੇਲ ਰਾਹੀਂ copyright@health.gov.au ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

**ਇਹ ਜਾਣਕਾਰੀ ਕਿਤਾਬਚਾ ਪੂਰੀ ਵਿਆਪਕ ਜਾਣਕਾਰੀ ਨਹੀਂ ਹੈ ਅਤੇ ਇਸ ਦਾ ਮਨੋਰਥ ਸਿਰਫ ਅਗਵਾਈ ਕਰਨਾ ਹੈ। ਇਹ ਵਿਅਕਤੀਗਤ ਡਾਕਟਰੀ ਸਲਾਹ ਦੀ ਥਾਂ ਨਹੀਂ ਲੈ ਸਕਦਾ ਅਤੇ ਜੇਕਰ ਤੁਹਾਨੂੰ ਆਪਣੀ ਸਿਹਤ ਬਾਰੇ ਕੋਈ ਚਿੰਤਾ ਹੈ ਜਾਂ ਹੋਰ ਸਵਾਲ ਹਨ ਤਾਂ ਤੁਸੀਂ ਇਨ੍ਹਾਂ ਬਾਰੇ ਆਪਣੇ ਡਾਕਟਰ ਨੂੰ ਪੁੱਛੋ**

**ਤੁਹਾਨੂੰ ਇਹ ਜਾਂਚ ਕਰਨ ਦੀ ਲੋੜ ਕਿਉਂ ਹੈ**

- ਇਹ ਜਾਂਚ ਕਰਨ ਨਾਲ ਤੁਹਾਡੀ ਜਿੰਦਗੀ ਬਚ ਸਕਦੀ ਹੈ
- ਇਹ ਜਾਂਚ ਅੰਤੜੀ ਦੇ ਕੈਂਸਰ ਦਾ ਅਗਾਊਂ ਪਤਾ ਲਾਉਣ ਵਿੱਚ ਸਹਾਇਤਾ ਕਰਦੀ ਹੈ
- ਅੰਤੜੀ ਦਾ ਕੈਂਸਰ ਬਿਨਾਂ ਕਿਸੇ ਲੱਛਣਾਂ ਤੋਂ ਵਿਕਸਿਤ ਹੋ ਸਕਦਾ ਹੈ
- ਅੰਤੜੀ ਦੇ ਕੈਂਸਰ ਦਾ ਖਤਰਾ 50 ਸਾਲ ਦੀ ਉਮਰ ਤੋਂ ਬੜੀ ਤੇਜ਼ੀ ਨਾਲ ਵੱਧਦਾ ਹੈ
- ਚੰਗੀ ਖਬਰ ਇਹ ਹੈ ਕਿ ਜੇ ਅਗਾਊਂ ਪਤਾ ਲੱਗ ਜਾਵੇ,10 ਵਿੱਚੋਂ ਨੌਂ ਕੈਂਸਰ ਸਫਲਤਾ ਨਾਲ ਠੀਕ ਕੀਤੇ ਜਾ ਸਕਦੇ ਹਨ
- 50 ਤੋਂ 74 ਸਾਲ ਦੀ ਉਮਰ ਤੱਕ ਡਾਕਟਰ ਹਰ ਦੋ ਸਾਲਾਂ ਬਾਅਦ ਘਰੇਲੂ ਜਾਂਚ ਦੀ ਸਿਫਾਰਸ਼ ਕਰਦੇ ਹਨ



## ਜਾਂਚ ਕਰਨ ਦੀ ਲੋੜ ਕਿਸ ਨੂੰ ਹੈ?

✓ 50-74 ਸਾਲ ਦੀ ਉਮਰ ਵਾਲੇ ਹਰ ਕਿਸੇ ਨੂੰ

✓ ਆਦਮੀ ਤੇ ਔਰਤਾਂ ਦੋਵਾਂ ਨੂੰ

✓ ਸਿਹਤਮੰਦ ਲੋਕਾਂ ਨੂੰ ਵੀ – ਉਮਰ ਅੰਤੜੀ ਦੇ ਕੈਂਸਰ ਦਾ ਸਭ ਤੋਂ ਵੱਡਾ ਖਤਰੇ ਦਾ ਕਾਰਕ ਹੈ

✓ ਲੋਕ ਜਿੰਨ੍ਹਾਂ ਨੇ ਪਹਿਲਾਂ ਵੀ ਕੀਤਾ ਹੈ – ਡਾਕਟਰ ਜਾਂਚ ਨੂੰ ਹਰ ਦੋ ਸਾਲ ਬਾਅਦ ਕਰਨ ਦੀ ਸਿਫਾਰਸ਼ ਕਰਦੇ ਹਨ।

- ਜੇ ਤੁਹਾਨੂੰ ਅੰਤੜੀ ਦੇ ਕੈਂਸਰ ਦੇ ਲੱਛਣ ਜਾਂ ਪ੍ਰੀਵਾਰਕ ਇਤਿਹਾਸ ਹੈ (ਆਂਤੜੀ ਦੇ ਕੈਂਸਰ ਦਾ ਸੈਕਸ਼ਨ, ਸਫਾ 6 ਵੇਖੋ) ਜਿੰਨ੍ਹੀ ਜਲਦੀ ਹੋ ਸਕੇ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਤੁਹਾਨੂੰ ਕਿਸ ਤਰ੍ਹਾਂ ਦੀ ਜਾਂਚ ਦੀ ਲੋੜ ਹੈ।
- ਜੇ ਤੁਹਾਡੀ ਪਿਛਲੇ ਦੋ ਸਾਲਾਂ ਵਿੱਚ ਕਲੋਨੋਸਕੋਪੀ ਹੋਈ ਹੈ ਜਾਂ ਤੁਸੀਂ ਅੰਤੜੀਆਂ ਦੇ ਰੋਗ ਕਰਕੇ ਆਪਣੇ ਡਾਕਟਰ ਨੂੰ ਮਿਲ ਰਹੇ ਹੋ ਤਾਂ ਤੁਹਾਨੂੰ ਇਹ ਜਾਂਚ ਕਰਨ ਦੀ ਲੋੜ ਨਹੀਂ ਹੈ।

## ਇਹ ਜਾਂਚ ਕੀ ਲੱਭ ਰਹੀ ਹੈ?

- ਛਾਣਬੀਣ ਦੀ ਇਹ ਜਾਂਚ ਉਨ੍ਹਾਂ ਲੋਕਾਂ ਲਈ ਜਿੰਨ੍ਹਾਂ ਨੂੰ ਕੋਈ ਲੱਛਣ ਨਹੀਂ ਹਨ ਦੀ ਟੱਟੀ ਵਿੱਚ ਖੂਨ ਦੀ ਥੋੜ੍ਹੀ ਜਿਹੀ ਵੀ ਮੌਜੂਦਗੀ ਦਾ ਪਤਾ ਲਾਉਣ ਲਈ ਹੈ।
- ਅੰਤੜੀ ਦਾ ਕੈਂਸਰ ਜਾਂ ਪੌਲੀਪਸ (ਛੋਟੀਆਂ ਗੰਢਾਂ) ਅੰਤੜੀ ਦੀ ਅੰਦਰਲੀ ਦੀਵਾਰ ਉਪਰ ਉੱਗ ਸਕਦੀਆਂ ਹਨ। ਇਹਨਾਂ ਫੋੜਿਆਂਵਿੱਚੋਂ ਆਮ ਤੌਰ ‘ਤੇ ਥੋੜ੍ਹਾ ਜਿਹਾ ਖੂਨ ਰਿਸਦਾ ਹੈ ਅਤੇ ਇਸ ਨੂੰ ਕਿਸੇ ਲੱਛਣਾਂ ਵਿੱਚ ਵੇਖਣ ਤੋਂ ਪਹਿਲਾਂ ਟੱਟੀ ਵਿੱਚ ਲੱਭਿਆ ਜਾ ਸਕਦਾ ਹੈ।
- ਛੋਟੀਆਂ ਗੰਢਾਂ ਕੈਂਸਰ ਨਹੀਂ ਹਨ, ਪਰ ਸਮੇਂ ਦੇ ਨਾਲ ਕੈਂਸਰ ਬਣ ਸਕਦੀਆਂ ਹਨ। ਅੰਤੜੀ ਦੇ ਕੈਂਸਰ ਨੂੰ ਵਿਕਸਿਤ ਹੋਣ ਦੇ ਖਤਰੇ ਨੂੰ ਘਟਾਉਣ ਵਾਸਤੇ, ਇਹਨਾਂ ਨੂੰ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ।
- ਜੇਕਰ ਤੁਹਾਡੇ ਨਮੂਨੇ ਵਿੱਚ ਖੂਨ ਮਿਲਦਾ ਹੈ ਤਾਂ ਇਹ ਕੈਂਸਰ ਤੋਂ ਬਿਨਾਂ ਕਈ ਹੋਰ ਕਾਰਨਾਂ ਕਰਕੇ ਵੀ ਹੋ ਸਕਦਾ ਹੈ ਪਰ ਤੁਹਾਨੂੰ ਨਤੀਜੇ ਨੂੰ ਆਪਣੇ ਡਾਕਟਰ ਨਾਲ ਵਿਚਾਰਨ ਦੀ ਲੋੜ ਹੋਵੇਗੀ। ਤੁਹਾਡਾ ਡਾਕਟਰ ਖੂਨ ਵਗਣ ਦਾ ਕਾਰਣ ਲੱਭਣ ਲਈ ਕੋਲੋਨੋਸਕੋਪੀ ਦੀ ਸਿਫਾਰਸ਼ ਕਰ ਸਕਦਾ ਹੈ (ਕੋਲੋਨੋਸਕੋਪੀ ਸੈਕਸ਼ਨ, ਸਫਾ 13 ਵੇਖੋ)।

## ਤੁਹਾਡੀ ਅੰਤੜੀ ਕੀ ਕਰਦੀ ਹੈ

ਤੁਹਾਡੀ ਅੰਤੜੀ ਤੁਹਾਡੀ ਪਾਚਨ ਪ੍ਰਣਾਲੀ ਦਾ ਹਿੱਸਾ ਹੈ। ਸਰੀਰ ਦਾ ਇਹ ਹਿੱਸਾ ਭੋਜਨ ਨੂੰ ਪਚਾਉਂਦਾ ਹੈ ਅਤੇ ਇਸ ਨੂੰ ਸਰੀਰ ਵਿੱਚੋਂ ਟੱਟੀ ਦੇ ਰੂਪ ਵਿੱਚ ਬਾਹਰ ਕੱਢ ਦਿੰਦਾ ਹੈ।

### ਤੁਹਾਡੀ ਅੰਤੜੀ ਦੇ ਤਿੰਨ ਹਿੱਸੇ ਹੁੰਦੇ ਹਨ:

- ਛੋਟੀ ਅੰਤੜੀ – ਇਹ ਪਚੇ ਹੋਏ ਭੋਜਨ ਵਿੱਚੋਂ ਪੌਸ਼ਟਿਕ ਤੱਤਾਂ ਨੂੰ ਸੋਖ ਲੈਂਦਾ ਹੈ
- ਵੱਡੀ ਅੰਤੜੀ (ਕੋਲੋਨ) – ਇਹ ਆਮ ਤੌਰ 'ਤੇ ਪਾਣੀ ਨੂੰ ਸੋਖਦੀ ਹੈ
- ਗੁਦਾ – ਇਹ ਤਦ ਤੱਕ ਟੱਟੀ ਨੂੰ ਸੰਭਾਲਦੀ ਹੈ ਜਦ ਤੱਕ ਇਹ ਸਰੀਰ ਵਿੱਚੋਂ ਟੱਟੀ ਵਾਲੇ ਰਾਹ ਵਿੱਚੋਂ ਬਾਹਰ ਨਹੀਂ ਨਿਕਲ ਜਾਂਦੀ।




### ਅੰਤੜੀ ਦਾ ਕੈਂਸਰ ਕੀ ਹੈ?

- ਅੰਤੜੀ ਦਾ ਕੈਂਸਰ ਜ਼ਿਆਦਾ ਕਰਕੇ ਵੱਡੀ ਅੰਤੜੀ (ਕੋਲੋਨ) ਦੇ ਅੰਦਰ ਵਿਕਸਿਤ ਹੁੰਦਾ ਹੈ
- ਅੰਤੜੀ ਦੇ ਬਹੁਤੇ ਕੈਂਸਰ ਅੰਤੜੀ ਦੇ ਦੀਵਾਰ ਅੰਦਰਲੀਆਂ ਛੋਟੀਆਂ ਗੰਢਾਂ ਜਿੰਨ੍ਹਾਂ ਨੂੰ ਪੌਲੀਪਸ ਕਹਿੰਦੇ ਹਨ ਤੋਂ ਵਿਕਸਿਤ ਹੁੰਦੇ ਹਨ
- ਸਾਰੀਆਂ ਛੋਟੀਆਂ ਗੰਢਾਂ ਕੈਂਸਰ ਵਿੱਚ ਨਹੀਂ ਬਦਲਦੀਆਂ
- ਛੋਟੀਆਂ ਗੰਢਾਂ ਨੂੰ ਹਟਾਉਣ ਨਾਲ ਅੰਤੜੀ ਦੇ ਕੈਂਸਰ ਦਾ ਖਤਰਾ ਘੱਟ ਜਾਂਦਾ ਹੈ।

## ਅੰਤੜੀ ਦੇ ਕੈਂਸਰ ਦੇ ਪੜਾਅ




## ਅੰਤੜੀ ਦੇ ਕੈਂਸਰ ਦੇ ਕੀ ਲੱਛਣ ਹਨ?

ਅੰਤੜੀ ਕੈਂਸਰ ਬਿਨਾਂ ਲੱਛਣਾਂ ਤੋਂ ਪੈਦਾ ਹੋ ਸਕਦਾ ਹੈ। ਇਸ ਲਈ ਇਹ ਮਹੱਤਵਪੂਰਣ ਹੈ ਕਿ ਹਰ ਦੋ ਸਾਲਾਂ ਬਾਅਦ ਛਾਣਬੀਣ ਕੀਤੀ ਜਾਵੇ। ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਪਿਸ਼ਾਬ,ਟੱਟੀ ਜਾਂ ਟਾਇਲਟ ਸੀਟਵਿੱਚਖੂਨ
- ਤੁਹਾਡੀ ਟੱਟੀ ਜਾਣ ਦੀ ਆਦਤ ਵਿੱਚ ਹਾਲੀਆ ਅਤੇ ਲਗਾਤਾਰ ਬਦਲਾਅ, ਜਿਵੇਂ ਕਿ ਪਤਲੀਆਂ ਟੱਟੀਆਂ, ਬਹੁਤ ਜ਼ਿਆਦਾ ਕਬਜ਼ ਅਤੇ/ਜਾਂ ਜੇ ਤੁਹਾਨੂੰ ਆਮ ਨਾਲੋਂ ਜ਼ਿਆਦਾ ਵਾਰ ਟੱਟੀ ਜਾਣਾ ਪੈ ਰਿਹਾ ਹੈ
- ਬਿਨਾਂ ਕਾਰਣ ਥਕਾਵਟ ਜਾਂ ਭਾਰ ਦਾ ਘਟਣਾ
- ਪੇਟ ਦਰਦ।

## ਲੱਛਣਾਂ ਨੂੰ ਜਾਣੋ

- ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਲੱਛਣ ਵੀ ਦਿਖਾਈ ਦੇਂਦਾ ਹੈ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਅੰਤੜੀ ਦਾ ਕੈਂਸਰ ਹੈ ਪਰ ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰੋ।
- ਅੰਤੜੀ ਕੈਂਸਰ 50 ਸਾਲ ਤੋਂ ਘੱਟ ਉਮਰ ਦੇ ਲੋਕਾਂ ਉਪਰ ਵੀ ਅਸਰ ਕਰ ਸਕਦਾ ਹੈ ਸੋ ਇਸ ਲਈ ਨਿਸ਼ਚਿਤ ਕਰੋ ਕਿ ਤੁਹਾਡੇ ਸਾਰੇ ਪਰਵਾਰ ਦੇ ਜੀਅ ਅਤੇ ਦੋਸਤਾਂ ਇਹਨਾਂ ਨੂੰ ਇਹਨਾਂ ਲੱਛਣਾਂ ਬਾਰੇ ਪਤਾ ਹੋਵੇ ਅਤੇ ਜੇ ਉਹ ਫਿਕਰਮੰਦ ਹੋਣ ਤਾਂ ਆਪਣੇ ਡਾਕਟਰ ਨਾਲ ਗੱਲ ਕਰ ਸਕਦੇ ਹਨ।

ਸਫਾ 5 ਅਤੇ 6 ਉਪਰ ਦਿੱਤੇ ਉਦਾਹਰਣ, ਕੈਂਸਰ ਕੌਂਸਲ ਵਿਕਟੋਰੀਆ ਤੋਂ ਨਿਮਰਤਾ ਸਹਿਤ ਅਸਲੀ ਉਦਾਹਰਣਾਂ ਤੋਂ ਲਏ ਗਏ ਹਨ।

**ਤੁਸੀਂ ਅੰਤੜੀ ਦੇ ਕੈਂਸਰ ਦੇ ਵਧੇ ਹੋਏ ਖਤਰੇ ਉਪਰ ਹੋ ਜੇਕਰ ਤੁਸੀਂ:**

- 50 ਸਾਲ ਦੀ ਉਮਰ ਤੋਂ ਵੱਡੇ ਹੋ
- ਭਾਰ ਹੱਦ ਤੋਂ ਜ਼ਿਆਦਾ ਹੈ
- ਭੋਜਨ ਵਿੱਚ ਲਾਲ ਮੀਟ ਅਤੇ ਤਿਆਰ ਕੀਤੇ ਮੀਟ (ਜਿਵੇਂ ਸੂਰ ਦਾ ਮੀਟ ਤੇ ਸੌਸੇਜ) ਦੀ ਬਹੁਤਾਤ ਹੈ
- ਭੋਜਨ ਵਿੱਚ ਸਬਜ਼ੀਆਂ, ਫਲਾਂ,ਫਲੀਆਂ ਅਤੇ ਸਾਬਤ ਅਨਾਜਾਂ (ਜਿਵੇਂ ਮੋਟੇ ਆਟੇ ਵਾਲੀ ਡਬਲਰੋਟੀ, ਭੂਰੇ ਚੌਲ) ਦੀ ਘਾਟ
- ਸਿਗਰਟਨੋਸ਼ੀ
- ਸ਼ਰਾਬ ਪੀਂਦੇ ਹੋ
- ਸੋਜ ਵਾਲਾ ਅੰਤੜੀ ਦਾ ਕੈਂਸਰ ਹੈ (ਜਿਵੇਂ ਕਰੋਹਨ ਦੀ ਬੀਮਾਰੀ ਜਾਂ ਅਲਸਰ ਕੋਲਿਟਿਸ)
- ਅੰਤੜੀ ਵਿੱਚ ਪਹਿਲਾਂ ਬਿਨਾਂ ਕੈਂਸਰ ਵਾਲੇ ਟਿਊਮਰ ਸਨ
- ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਪਰਬਲ ਇਤਿਹਾਸ ਹੈ।

**ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਪਰਬਲ ਇਤਿਹਾਸ ਕੀ ਹੈ?**

ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਪਰਬਲ ਇਤਿਹਾਸ ਹੈ ਜੇਕਰ:

⇨ ਕੋਈ ਨਜ਼ਦੀਕੀ ਰਿਸ਼ਤੇਦਾਰ (ਮਾਪੇ, ਭਰਾ, ਭੈਣ ਜਾਂ ਬੱਚਾ) ਨੂੰ ਜਵਾਨ ਉਮਰੇ ਅੰਤੜੀ ਦਾ ਕੈਂਸਰ ਹੋਇਆ ਸੀ (55 ਸਾਲਤੋਂਘੱਟ); ਜਾਂ

⇨ ਤੁਹਾਡੇ ਪਰਿਵਾਰ ਵਿੱਚ ਇਕ ਤੋਂ ਜ਼ਿਆਦਾ ਨੇੜੇ ਦੇ ਰਿਸ਼ਤੇਦਾਰ ਨੂੰ ਕਿਸੇ ਵੀ ਉਮਰੇ ਅੰਤੜੀ ਦਾ ਕੈਂਸਰ ਹੋਇਆ ਸੀ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਪਰਬਲ ਇਤਿਹਾਸ ਹੈ, ਆਪਣੇ ਡਾਕਟਰ ਨਾਲ ਤੁਹਾਨੂੰ ਬੀਮਾਰੀ ਲੱਗਣ ਦੇ ਖਤਰੇ ਬਾਰੇ ਅਤੇ ਕਿਹੜੀ ਜਾਂਚ ਤੁਹਾਡੇ ਲਈ ਠੀਕ ਰਹੇਗੀ ਬਾਰੇ ਗੱਲ ਕਰੋ।

**80% ਲੋਕਾਂ ਨੂੰ ਜਿੰਨ੍ਹਾਂ ਨੂੰ ਅੰਤੜੀ ਦਾ ਕੈਂਸਰ ਹੁੰਦਾ ਹੈ ਦੇ ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਕੋਈ ਇਤਿਹਾਸ ਨਹੀਂ ਹੁੰਦਾ ਹੈ**



## ਤੁਸੀਂ ਆਪਣੇ ਅੰਤੜੀ ਦੇ ਕੈਂਸਰ ਦੇ ਖਤਰੇ ਨੂੰ ਘਟਾ ਸਕਦੇ ਹੋ

ਭਾਂਵੇਂ ਕਿ ਕਿਸੇ ਵੀ ਕੈਂਸਰ ਦੀ ਪੂਰੀ ਤਰ੍ਹਾਂ ਰੋਕਥਾਮ ਨਹੀਂ ਕੀਤੀ ਜਾ ਸਕਦੀ, ਤੁਸੀਂ ਆਪਣੇ ਅੰਤੜੀ ਦੇ ਕੈਂਸਰ ਦੇ ਖਤਰੇ ਨੂੰ ਇਸ ਤਰ੍ਹਾਂ ਘਟਾ ਸਕਦੇ ਹੋ:

✓ ਪੌਸ਼ਟਿਕ ਭੋਜਨ ਖਾਓ
 ⇨ ਲਾਲ ਮੀਟ ਦੀ ਹੱਦ ਮਿਥੋ (500 ਗ੍ਰਾਮ ਤੋਂ ਘੱਟ ਪ੍ਰਤੀ ਹਫਤਾ), ਤਿਆਰ ਕੀਤੇ ਮੀਟ ਤੋਂ ਪ੍ਰਹੇਜ਼ ਕਰੋ
 ⇨ ਜ਼ਿਆਦਾ ਅਨਾਜ, ਸਬਜੀਆਂ, ਫਲ ਤੇ ਫਲੀਆਂ ਖਾਓ
 ⇨ ਜ਼ਿਆਦਾ ਕਲੋਰੀਆਂ ਵਾਲੇ ਭੋਜਨ ਅਤੇ ਮਿੱਠੇ ਸ਼ਰਬਤਾਂ ਤੋਂ ਪ੍ਰਹੇਜ਼ ਕਰੋ

✓ ਹਰ ਰੋਜ਼ ਘੱਟੋ-ਘੱਟ 30 ਮਿੰਟਾਂ ਲਈ ਸਰੀਰਕ ਤੌਰ ‘ਤੇ ਫੁਰਤੀਲੇ ਰਹੋ, ਅਤੇ ਘੱਟ ਬੈਠੋ

✓ ਤੁਹਾਡੇ ਦੁਆਰਾ ਪੀਤੀ ਜਾਣ ਵਾਲੀ ਸ਼ਰਾਬ ਦੀ ਮਾਤਰਾ ਘਟਾਓ

✓ ਸਿਗਰਟਨੋਸ਼ੀ ਨਾ ਕਰਕੇ

✓ ਹਰ ਦੋ ਸਾਲਾਂ ਬਾਅਦ ਛਾਣਬੀਣ ਕਰਕੇ ਅੰਤੜੀ ਵਿੱਚ ਹੋ ਰਹੇ ਬਦਲਾਵਾਂ ਦਾ ਅਗਾਊਂ ਪਤਾ ਲਗਾਓ ਜਦੋਂ ਇਹਨਾਂ ਦਾ ਇਲਾਜ ਕਰਨਾ ਸੌਖਾ ਹੁੰਦਾ ਹੈ।




ਕਿਉਂਕਿ ਇਹ ਲੱਛਣਾਂ ਦੇ ਪ੍ਰਗਟ
ਹੋਣ ਤੋਂ ਪਹਿਲਾਂ ਅੰਤੜੀ ਦੇ ਕੈਂਸਰ ਦਾ ਪਤਾ
ਲਗਾ ਸਕਦੀ ਹੈ




### ਜਾਂਚ ਕਿੱਟ ਦੀ ਵਰਤੋਂ ਨੂੰ ਯਾਦ ਕਰਵਾਉਣ ਵਾਸਤੇ ਸੁਝਾਅ

- ਇਸ ਨੂੰ ਕਿਧਰੇ ਉੱਥੇ ਰੱਖੋ ਜਿੱਥੇ ਤੁਸੀਂ ਇਸ ਨੂੰ ਵੇਖ ਸਕੋ ਤਾਂ ਜੋ ਤੁਹਾਨੂੰ ਇਸ ਨੂੰ ਵਰਤਣ ਦੀ ਯਾਦ ਆ ਜਾਵੇ (ਜਿਵੇਂ ਕਿ ਆਪਣੀ ਗੁਸਲਖਾਨੇ ਵਾਲੀ ਅਲਮਾਰੀ ਜਾਂ ਟਾਇਲਟ ਸੀਟ ਉਪਰ)।
- ਤੁਸੀਂ ਆਪਣੇ ਆਪ ਨੂੰ ਪਾਬੰਦ ਕਰੋ ਕਿ ਕਿਹੜੇ ਦਿਨਾਂ ਨੂੰ ਨਮੂਨੇ ਲਉਗੇ (ਜਿਵੇਂ ਕਿ ਅਗਲੇ ਹਫਤੇ ਸੋਮਵਾਰ ਤੇ ਮੰਗਲਵਾਰ ਨੂੰ)।

### ਜਾਂਚ ਕਿੱਟ ਵਿੱਚ ਕੀ ਸ਼ਾਮਲ ਹੁੰਦਾ ਹੈ?

ਇਹ ਮੁਫਤ ਛਾਣਬੀਣ ਜਾਂਚ ਜਲਦੀ ਹੋਣ ਵਾਲੀ, ਸਾਫ ਤੇ ਸੌਖੀ ਹੈ – ਤੁਸੀਂ ਇਸ ਨੂੰ ਘਰੇ ਕਰ ਸਕਦੇ ਹੋ। ਤੁਹਾਨੂੰ ਆਪਣਾ ਭੋਜਨ ਜਾਂ ਦਵਾਈਆਂ ਬਦਲਣ ਦੀ ਲੋੜ ਨਹੀਂ ਹੈ। ਜਾਂਚ ਵਿੱਚ ਦੋ ਵੱਖ-ਵੱਖ ਸਮਿਆਂ ਉਪਰ ਟੱਟੀ ਦੇ ਦੋ ਛੋਟੇ ਨਮੂਨੇ ਇਕੱਠਾ ਕਰਨ ਵਾਲੀ ਡੰਡੀ ਨਾਲ ਲੈਣੇ ਹਨ। ਫਿਰ ਤੁਸੀਂ ਨਮੂਨਿਆਂ ਨੂੰ ਪ੍ਰੋਗਰਾਮ ਪ੍ਰਯੋਗਸ਼ਾਲਾ ਨੂੰ ਡਾਕ ਰਾਹੀਂ ਭੇਜ ਦੇਣੇ ਹਨ। ਨਮੂਨਿਆਂ ਨੂੰ ਨਾ ਵੇਖੇ ਜਾ ਸਕਣ ਵਾਲੇ ਖ਼ੂਨ ਦੀ ਥੋੜ੍ਹੀ ਜਿਹੀ ਵੀ ਮੌਜੂਦਗੀ ਦਾ ਪਤਾ ਲਾਉਣ ਲਈ ਜਾਂਚਿਆ ਜਾਂਦਾ ਹੈ।

### ਦਰੁਸਤ ਨਤੀਜੇ ਲੈਣ ਵਾਸਤੇ – ਆਪਣੇ ਨਮੂਨਿਆਂ ਨੂੰ ਸੁਰੱਖਿਅਤ ਰੱਖਣਾ

ਇਹ ਜਾਂਚ ਖ਼ੂਨ ਦਾ ਪਤਾ ਲਾਉਣ ਲਈ ਬਹੁਤ ਸਹੀ ਹੈ। ਫਿਰ ਵੀ, ਜਦੋਂ ਨਮੂਨਿਆਂ ਨੂੰ ਜਾਂਚਣ ਵਿੱਚ ਦੇਰ ਹੋ ਜਾਵੇ ਜਾਂ ਇਹ ਲੰਬੇ ਸਮੇਂ ਲਈ ਉਚੇ ਤਾਪਮਾਨ ਉਪਰ ਪਏ ਰਹਿਣ ਤਾਂ ਖ਼ੂਨ ਤੱਤਾਂ ਵਿੱਚ ਟੁੱਟ ਸਕਦਾ ਹੈ ਅਤੇ ਪਤਾ ਲਾਉਣਾ ਔਖਾ ਹੋ ਜਾਂਦਾ ਹੈ। ਇਹ ਗਲਤ ਨਤੀਜੇ ਦੇ ਸਕਦਾ ਹੈ।

ਦਰੁਸਤ ਨਤੀਜਿਆਂ ਲਈ ਮਹੱਤਵਪੂਰਣ ਹੈ ਕਿ ਨਮੂਨੇ ਨੇੜੇ-ਨੇੜੇ ਲਏ ਜਾਣ ਇਹਨਾਂ ਨੂੰ ਫਰਿੱਜ ਵਿੱਚ ਰੱਖਿਆ ਜਾਵੇ ਅਤੇ ਜਲਦੀ ਨਾਲ ਡਾਕ ਰਾਹੀਂ ਭੇਜ ਦਿੱਤਾ ਜਾਵੇ।

## ਤੁਹਾਨੂੰ ਆਪਣੇ ਨਮੂਨਿਆਂ ਨੂੰ ਫਰਿੱਜ ਵਿੱਚ ਰੱਖਣ ਦੀ ਲੋੜ ਕਿਉਂ ਹੈ?

ਫਰਿੱਜ ਤੁਹਾਡੇ ਨਮੂਨੇ ਲਈ ਸਭ ਤੋਂ ਵਧੀਆ ਸਥਿਰ ਹਾਲਾਤ ਪ੍ਰਦਾਨ ਕਰਦੀ ਹੈ ਅਤੇ ਰੱਖਿਅਕ ਡੱਬਾ-ਬੰਦੀ ਨਾਲਤੁਹਾਡੇ ਫਰਿੱਜ ਵਿੱਚ ਪਏ ਦੂਸਰੇ ਸਮਾਨ ਨੂੰ ਪਰਦੂਸ਼ਣ ਦਾ ਕੋਈ ਖਤਰਾ ਨਹੀਂ ਹੈ। ਆਪਣੇ ਨਮੂਨਿਆਂ ਨੂੰ ਫਰੀਜ਼ਰ ਵਿੱਚ ਕਦੇ ਨਾ ਰੱਖੋ।

## ਆਪਣੇ ਨਤੀਜੇ ਪ੍ਰਾਪਤ ਕਰਨਾ

ਤੁਹਾਡੇ ਨਤੀਜੇ ਨੂੰ ਤੁਹਾਡੇ ਨਮੂਨੇ ਪੋਸਟ ਕਰਨ ਦੇ ਕੁਝ ਹਫ਼ਤਿਆਂ ਬਾਅਦ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ (ਜੇਕਰ ਤੁਸੀਂ ਨਾਮਜ਼ਦ ਕੀਤਾ ਹੈ) ਡਾਕ ਰਾਹੀਂ ਭੇਜ ਦਿੱਤੇ ਜਾਣਗੇ।

## ਨਕਾਰਾਤਮਕ ਨਤੀਜਾ

ਜੇ ਤੁਹਾਡੇ ਨਮੂਨਿਆਂ ਵਿੱਚ ਕੋਈ ਖ਼ੂਨ ਨਹੀਂ ਮਿਲਦਾ ਤੁਹਾਡੀ ਜਾਂਚ ਦਾ ਨਤੀਜਾ ਨਕਾਰਾਤਮਕ ਹੋਵੇਗਾ ਅਤੇ ਹੁਣ ਅੱਗੇ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਪਰ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਅੰਤੜੀ ਵਿੱਚ ਕਦੇ ਵੀ ਕੈਂਸਰ ਦਾ ਵਿਕਾਸ ਨਹੀਂ ਹੋ ਸਕਦਾ ਜਾਂ ਕਦੇ ਵੀ ਅੰਤੜੀ ਕੈਂਸਰ ਵਿਕਾਸ ਨਹੀਂ ਕਰ ਸਕਦਾ, ਕਿਉਂਕਿ ਕੁਝ ਅੰਤੜੀਆਂ ਦੇ ਕੈਂਸਰ ਵਿੱਚੋਂ ਖ਼ੂਨ ਨਹੀਂ ਨਿਕਲਦਾ ਜਾਂ ਖ਼ੂਨ ਕਦੇ ਕਦਾਈਂ ਹੀ ਨਿਕਲਦਾ ਹੈ। ਪ੍ਰੋਗਰਾਮ ਵਿੱਚ ਵਰਤੀ ਗਈ ਜਾਂਚ ਨਾਲ 85% ਤੱਕ ਹੀ ਅੰਤੜੀ ਕੈਂਸਰ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਹਰ ਦੋ ਸਾਲ ਬਾਅਦ ਛਾਣਬੀਣ ਕਰਾਓ ਅਤੇ ਆਪਣੇ ਡਾਕਟਰ ਨਾਲ ਗੱਲ ਕਰੋ ਜੇ ਤੁਸੀਂ ਨਕਾਰਾਤਮਕ ਨਤੀਜਾ ਮਿਲਣ ਤੋਂ ਬਾਅਦ ਵੀ ਲੱਛਣ ਦੇਖਦੇ ਹੋ। (ਅੰਤੜੀ ਦੇ ਕੈਂਸਰ ਤੇ ਲੱਛਣਾਂ ਲਈ ਸਫਾ 6 ਵੇਖੋ) ।

## ਸਕਾਰਾਤਮਕ ਨਤੀਜਾ

ਜੇ ਤੁਹਾਡੇ ਨਮੂਨਿਆਂ ਵਿੱਚ ਖ਼ੂਨ ਮਿਲਦਾ ਹੈ ਤੁਹਾਡੀ ਜਾਂਚ ਦਾ ਨਤੀਜਾ ਸਕਾਰਾਤਮਕ ਹੋਵੇਗਾ ਅਤੇ ਤੁਹਾਨੂੰ ਆਪਣੇ ਡਾਕਟਰ ਨਾਲ ਨਤੀਜੇ ਬਾਰੇ ਚਰਚਾ ਕਰਨ ਦੀ ਲੋੜ ਹੋਏਗੀ। ਸਕਾਰਾਤਮਕ ਨਤੀਜਾ ਹੋ ਸਕਦਾ ਹੈ ਕਿ ਕੈਂਸਰ ਤੋਂ ਇਲਾਵਾ ਕਿਸੇ ਹੋਰ ਹਾਲਾਤ ਕਾਰਨ ਹੋਵੇ (ਜਿਵੇਂ ਕਿ ਪੌਲੀਪਸ, ਬਵਾਸੀਰ ਜਾਂ ਅੰਤੜੀਆਂ ਦੀ ਸੋਜਸ਼) ਪਰ ਜਾਂਚ ਕਰਨਾ ਮਹੱਤਵਪੂਰਨ ਹੈ। ਤੁਹਾਡਾ ਡਾਕਟਰ ਖ਼ੂਨ ਵਹਿਣ ਦੇ ਕਾਰਨ, ਆਮ ਤੌਰ ਤੇ ਕੋਲੋਨੋਸਕੋਪੀ ਦੁਆਰਾ ਪਤਾ ਕਰਨ ਲਈ ਇਕ ਹੋਰ ਜਾਂਚ ਦੀ ਸਿਫਾਰਸ਼ ਕਰ ਸਕਦਾ ਹੈ।

## ਪ੍ਰੋਗਰਾਮ ਦੁਆਰਾ ਕਰਵਾਈ ਗਈ ਜਾਂਚ ਕੀ ਹੈ?

ਇਹ ਜਾਂਚ ਇਕ ਇਮਯੂਨੋਕੇਮੀਕਲ ਫੇਅਸਲ ਔਕਲਟ ਬਲੱਡ ਟੈਸਟ (iFOBT) ਹੈ।

**2020ਤੱਕ**




## ਦੀ ਉਮਰ ਦੇ ਵਿਅਕਤੀਆਂ ਨੂੰ

**ਹਰ ਦੋ ਸਾਲਾਂ ਵਿੱਚ ਮੁਫਤ ਕਿੱਟ ਭੇਜੀ ਜਾਵੇਗੀ**

**ਜੇ ਹੁਣ ਜਾਂਚ ਦੀ ਲੋੜ ਨਹੀਂ ਹੈ ਜਾਂ ਤੁਸੀਂ ਪ੍ਰੋਗਰਾਮ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ ਹੋ?**

ਪ੍ਰੋਗਰਾਮ ਵਿੱਚ ਹਿੱਸਾ ਲੈਣਾ ਤੁਹਾਡੀ ਮਰਜੀ ਹੈ।

ਤੁਸੀਂ ਆਪਣੀ ਜਾਂਚ ਦੇਰ ਨਾਲ ਕਰਵਾ ਸਕਦੇ ਹੋ (ਮੁਅੱਤਲ) ਜਾਂ ਪ੍ਰੋਗਰਾਮ ਵਿੱਚੋਂ ਹਟਾਏ ਜਾਣ ਦੀ ਚੋਣ ਕਰ ਸਕਦੇ ਹੋ (ਬਾਹਰ ਨਿਕਲਣਾ)। **1800 118 868** ਤੇ ਪ੍ਰੋਗਰਾਮ ਇਨਫੋ ਲਾਈਨ ਨੂੰ ਫੋਨ ਕਰੋ ਜਾਂ ਇਸ ਕਿਤਾਬਚੇ ਦੇ ਪਿੱਛੇ (ਪੰਨਾ 17) ਤੇ ਦਿਤਾ ਫਾਰਮ ਭਰੋ।

- ਜੇਕਰ ਤੁਸੀਂ ਪ੍ਰੋਗਰਾਮ ਨੂੰ *suspend (ਮੁਅੱਤਲ)* ਕਰਦੇ ਹੋ, ਤਾਂ ਤੁਸੀਂ ਉਸ ਮਿਤੀ ਦੀ ਚੋਣ ਕਰ ਸਕਦੇ ਹੋ ਜਦੋਂ ਤੁਸੀਂ ਦੁਬਾਰਾ ਜੁੜਨਾ ਚਾਹੁੰਦੇ ਹੋ। ਤੁਸੀਂ ਇਕ ਸਾਲ ਤੱਕ ਆਪਣੀ ਸ਼ਮੂਲੀਅਤ ਨੂੰ ਮੁਅੱਤਲ ਕਰ ਸਕਦੇ ਹੋ ।
- ਜੇ ਤੁਸੀਂ ਪ੍ਰੋਗਰਾਮ ਨੂੰ *opt off (ਬਾਹਰ ਨਿਕਲਣ)* ਦੀ ਚੋਣ ਕਰਦੇ ਹੋ ਤੁਹਾਨੂੰ ਕੋਈ ਹੋਰ ਮੁਫ਼ਤ ਜਾਂਚ ਕਿੱਟ ਨਹੀਂ ਮਿਲੇਗੀ ਜਾਂ ਪ੍ਰੋਗਰਾਮ ਤੋਂ ਪੱਤਰ ਵਿਹਾਰ ਬੋਅਲ ਸਕ੍ਰੀਨਿੰਗ ਨਾਲ ਸਬੰਧਤ ਕੋਈ ਹੋਰ ਡਾਕਟਰੀ ਜਾਣਕਾਰੀ ਤੁਹਾਡੇ ਬਾਰੇ ਪ੍ਰੋਗਰਾਮ ਰਜਿਸਟਰ ਵਿੱਚ ਸਟੋਰ ਨਹੀਂ ਕੀਤੀ ਜਾਵੇਗੀ।

ਤੁਸੀਂ ਕਿਸੇ ਵੀ ਸਮੇਂ ਪ੍ਰੋਗਰਾਮ ਵਿੱਚ ਦੁਬਾਰਾ ਜੁੜ ਸਕਦੇ ਹੋ।

ਤੁਹਾਡੀ ਵਿਅਕਤੀਗਤ ਜਾਣਕਾਰੀ ਨੂੰ ਕਿਵੇਂ ਪ੍ਰਬੰਧਤ ਕੀਤਾ ਜਾਵੇਗਾ ਇਸ ਬਾਰੇ ਜਾਣਕਾਰੀ ਲਈ ਪੰਨਾ 14 ਤੇ ਪ੍ਰੋਗਰਾਮ ਰਜਿਸਟਰ ਨੂੰ ਦੇਖੋ ਜਾਂ www.cancerscreening.gov.au/nbcsp-privacy ਵੈੱਬਸਾਈਟ ਤੇ ਜਾਓ।

### ਜੇ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ ਤਾਂ ਤੁਹਾਨੂੰ ਆਪਣੀ ਜਾਂਚ ਕਿੱਟ ਨਾਲ ਕੀ ਕਰਨਾ ਚਾਹੀਦਾ ਹੈ?

ਆਪਣੀ ਅਣਚਾਹੀ ਜਾਂਚ ਕਿੱਟ ਨੂੰ ਆਪਣੇ ਕੂੜੇ ਦੇ ਡੱਬੇ ਵਿੱਚ ਪਾ ਦਿਓ। ਆਪਣੀ ਨਾ ਵਰਤੀ ਗਈ ਕਿੱਟ ਨੂੰ ਵਾਪਸ ਨਾ ਕਰੋ ਜਾਂ ਕਿਸੇ ਹੋਰ ਵਿਅਕਤੀ ਨੂੰ ਨਾਂ ਦਿਓ।

### ਕੀ ਹੋਵੇਗਾ ਜੇ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਕਿੱਟ ਚਾਹੁੰਦਾ ਹੈ?

ਜੇ ਤੁਸੀਂ 50-74 ਸਾਲ ਦੀ ਉਮਰ ਦੇ ਕਿਸੇ ਵਿਅਕਤੀ ਨੂੰ ਜਾਣਦੇ ਹੋ ਜੋ ਜਾਂਚ ਕਰਵਾਉਣਾ ਚਾਹੁੰਦਾ ਹੈ, ਤਾਂ ਉਹ **1800 118 868** ਤੇ ਪ੍ਰੋਗਰਾਮ ਇਨਫੋ ਲਾਈਨ ਨੂੰ ਫੋਨ ਕਰ ਸਕਦਾ ਹੈ ਜਾਂ ਵਧੇਰੇ ਜਾਣਕਾਰੀ ਲਈ www.cancerscreening.gov.au/bowel ਵੈੱਬ ਸਾਈਟ ਤੇ ਜਾ ਸਕਦਾ ਹੈ।

ਜੇ ਤੁਹਾਡੀ ਜਾਂਚ ਦਾ ਨਤੀਜਾ ਤੁਹਾਡੀ ਟੱਟੀ ਵਿੱਚ ਖੂਨ ਦੇ ਆਉਣ ਲਈ ਸਕਾਰਾਤਮਕ ਹੈ, ਤਾਂ ਤੁਹਾਡਾ ਡਾਕਟਰ ਤੁਹਾਨੂੰ ਕੋਲੋਨੋਸਕੋਪੀ ਲਈ ਭੇਜ ਸਕਦਾ ਹੈ।

## ਕੋਲੋਨੋਸਕੋਪੀ ਕੀ ਹੈ?

ਕੋਲੋਨੋਸਕੋਪੀ ਤੁਹਾਡੀ ਅੰਤੜੀ ਦੇ ਅੰਦਰ ਦੇਖਣ ਲਈ ਇਕ ਪ੍ਰਕਿਰਿਆ ਹੈ ਜਦੋਂ ਤੁਸੀਂ ਬੇਹੋਸ਼ੀ (ਨੀਂਦ) ਵਿੱਚ ਹੁੰਦੇ ਹੋ। ਡਾਕਟਰ ਪੌਲੀਪਸ ਜਾਂ ਕੈਂਸਰ ਦਾ ਵਿਕਾਸ ਵੇਖਣ ਲਈ ਇਕ ਛੋਟੇ ਜਿਹੇ ਕੈਮਰੇ ਨਾਲ ਇਕ ਤੰਗ ਲਚਕਦਾਰ ਨਲੀ ਪਾਉਂਦਾ ਹੈ। ਜਿਵੇਂ ਕਿ ਸਾਰੀਆਂ ਡਾਕਟਰੀ ਪ੍ਰਕ੍ਰਿਆਵਾਂ ਦੇ ਨਾਲ, ਜਿਥੇ ਲਾਭ ਹੁੰਦੇ ਹਨ ਉੱਥੇ ਜੋਖਮ ਵੀ ਹਨ। ਹਾਲਾਂਕਿ, ਕੋਲੋਨੋਸਕੋਪੀ ਦੇ ਸੰਭਾਵੀ ਖਤਰੇ ਦੇ ਨਾਲ ਕੈਂਸਰ ਨੂੰ ਜਲਦੀ ਬਾਹਰ ਕੱਢਣ ਦੇ ਲਾਭ ਵੀ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਕੋਲੋਨੋਸਕੋਪੀ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਖਤਰਿਆਂ ਅਤੇ ਲਾਭਾਂ ਬਾਰੇ ਚਰਚਾ ਕਰੋ।

## ਕੀ ਤੁਹਾਨੂੰ ਕੋਲੋਨੋਸਕੋਪੀ ਲਈ ਭੁਗਤਾਨ ਕਰਨਾ ਪਵੇਗਾ?

ਜਨਤਕ ਮਰੀਜ਼ ਦੇ ਤੌਰ ਤੇ ਕੋਲਨੋਸਕੋਪੀ ਦਾ ਕੋਈ ਖਰਚਾ ਨਹੀਂ ਹੈ। ਜੇ ਤੁਸੀਂ ਪ੍ਰਾਈਵੇਟ ਮਰੀਜ਼ ਦੇ ਤੌਰ ਤੇ ਕੋਲੋਨੋਸਕੋਪੀ ਕਰਵਾਉਂਦੇ ਹੋ ਤਾਂ ਤੁਹਾਨੂੰ ਫ਼ੀਸ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਕੋਲੋਨੋਸਕੋਪੀ ਤੋਂ ਪਹਿਲਾਂ ਤੁਹਾਨੂੰ ਕਿਸੇ ਵੀ ਵਿੱਤੀ ਖਰਚੇ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

## ਕੋਲੋਨੋਸਕੋਪੀ ਕਰਦੇ ਸਮੇਂ ਜੇ ਕੁਝ ਲੱਭਦਾ ਹੈ ਤਾਂ ਕੀ ਹੁੰਦਾ ਹੈ?

ਜੇ ਪੌਲੀਪਸ ਜਾਂ ਕੋਈ ਹੋਰ ਵਿਕਾਸ ਪਾਇਆ ਜਾਂਦਾ ਹੈ, ਤਾਂ ਡਾਕਟਰ ਆਮ ਤੌਰ ਤੇ ਉਨ੍ਹਾਂ ਨੂੰ ਤੁਰੰਤ ਕੱਢ ਦਿੰਦਾ ਹੈ ਅਤੇ ਉਨ੍ਹਾਂ ਨੂੰ ਕੈਂਸਰ ਦੀ ਜਾਂਚ ਵਾਸਤੇ ਲੈਬ ਵਿੱਚ ਭੇਜਿਆ ਜਾਂਦਾ ਹੈ।

ਜੇ ਤੁਹਾਡੇ ਅੰਤੜੀ ਦਾ ਕੈਂਸਰ ਲੱਭਦਾ ਹੈ ਤਾਂ ਤੁਹਾਨੂੰ ਸਰਜਰੀ ਦੀ ਲੋੜ ਹੋ ਸਕਦੀ ਹੈ। ਜੇ ਇਹ ਆਰੰਭਕ ਪੜਾਅ ਵਿੱਚ ਪਾਇਆ ਜਾਂਦਾ ਹੈ, ਤਾਂ ਪੂਰੀ ਤਰ੍ਹਾਂ ਠੀਕ ਹੋਣ ਦਾ ਮੌਕਾ ਵੱਧ ਹੁੰਦਾ ਹੈ ਅਤੇ ਬਹੁਤੇ ਲੋਕ ਆਪਣੀ ਆਮ ਜੀਵਨਸ਼ੈਲੀ ਉਪਰ ਵਾਪਸ ਆਉਣ ਦੇ ਯੋਗ ਹੋ ਜਾਂਦੇ ਹਨ। ਪ੍ਰੋਗਰਾਮ ਦੁਆਰਾ ਲੱਭਿਆ ਗਇਆ ਕੈਂਸਰ ਆਮ ਤੌਰ ਤੇ ਆਰੰਭਕ ਪੜਾਅ ਤੇ ਹੁੰਦਾ ਹੈ।

## ਜੇਕਰ ਕੋਲੋਨੋਸਕੋਪੀ ਕੁਝ ਨਹੀਂ ਦਿਖਾਉਂਦੀ ਤਾਂ ਕੀ ਹੁੰਦਾ ਹੈ?

ਜੇ ਕੋਈ ਪੌਲੀਪਸ ਜਾਂ ਕੈਂਸਰ ਦੇ ਵਿਕਾਸ ਨਹੀਂ ਮਿਲਦੇ, ਤਾਂ ਪ੍ਰੋਗਰਾਮ ਤੁਹਾਡੀ ਅਗਲੀ ਯੋਗਤਾ ਨੂੰ ਪੂਰਾ ਕਰਨ ਲਈ ਇਕ ਹੋਰ ਜਾਂਚ ਕਰਨ ਨੂੰ ਦੇਵੇਗਾ। ਇਸ ਦੌਰਾਨ, ਜੇ ਤੁਸੀਂ ਕੋਈ ਲੱਛਣ ਵਿਕਸਿਤ ਹੁੰਦਾ ਦੇਖਦੇ ਹੋ ਤਾਂ (ਪੰਨਾ 6 ਤੇ ਅੰਤੜੀ ਦੇ ਕੈਂਸਰ ਵਾਲਾ ਭਾਗ ਦੇਖੋ)। ਤੁਹਾਨੂੰ ਆਪਣੇ ਡਾਕਟਰ ਕੋਲ ਜਾਣਾ ਚਾਹੀਦਾ ਹੈ।

## ਪ੍ਰੋਗਰਾਮ ਰਜਿਸਟਰ ਵਿੱਚ ਕਿਹੜੀ ਜਾਣਕਾਰੀ ਰੱਖੀ ਜਾਂਦੀ ਹੈ?

ਪ੍ਰੋਗਰਾਮ ਰਜਿਸਟਰ ਵਿੱਚ ਨਿੱਜੀ ਜਾਣਕਾਰੀ ਹੁੰਦੀ ਹੈ ਜਿਵੇਂ ਕਿ:

- ਤੁਹਾਡਾ ਮੈਡੀਕੇਅਰ ਨੰਬਰ
- ਤੁਹਾਡੇ ਸੰਪਰਕ ਦੇ ਵੇਰਵੇ
- ਤੁਹਾਡੇ ਪ੍ਰੋਗ੍ਰਾਮ ਛਾਣਬੀਣ ਜਾਂਚ ਦੇ ਨਤੀਜੇ
- ਤੁਹਾਡੇ ਨਾਮਜ਼ਦ ਡਾਕਟਰ ਦਾ ਨਾਂ
- ਤੁਹਾਡੇ ਪ੍ਰੋਗ੍ਰਾਮ ਤੋਂ ਬਾਅਦ ਹੋਰ ਜਾਂਚ ਦੇ ਨਤੀਜੇ (ਜਿਵੇਂ ਕਿ ਕੋਲੋਨੋਸਕੋਪੀ) ਹੋ ਸਕਦੇ ਹਨ
- ਸਕ੍ਰੀਨਿੰਗ ਜਾਂਚ।

## ਇਸ ਜਾਣਕਾਰੀ ਦੀ ਵਰਤੋਂ ਕਿਸ ਲਈ ਕੀਤੀ ਜਾਵੇਗੀ?

ਇਹ ਜਾਣਕਾਰੀ ਹੇਠ ਲਿਖੇ ਅਨੁਸਾਰ ਵਰਤੀ ਜਾਵੇਗੀ:

- ਤੁਹਾਨੂੰ ਤੁਹਾਡੀ ਜਾਂਚ ਕਿੱਟ ਦੀ ਯਾਦ ਦਿਵਾਏਗੀ
- ਸਿਹਤ ਸੇਵਾਵਾਂ ਦਾ ਪਿੱਛਾ ਕਰਨ ਅਤੇ ਪਹੁੰਚ ਕਰਨ ਲਈ ਤੁਹਾਡੀ ਸਹਾਇਤਾ ਕਰੇਗੀ
- ਭਵਿੱਖ ਵਿੱਚ ਤੁਹਾਨੂੰ ਇਕ ਹੋਰ ਜਾਂਚ ਕਿੱਟ ਲਈ ਸੱਦਾ ਦੇਵੇਗੀ
- ਤੁਹਾਡੀ ਜਾਂਚ ਦੇ ਨਤੀਜਿਆਂ ਦੀ ਬੇਨਤੀ ਕਰਨ ਲਈ ਮੈਡੀਕਲ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੇਗੀ
- ਆਸਟ੍ਰੇਲੀਆ ਵਿੱਚ ਅੰਤੜੀ ਦੇ ਕੈਂਸਰ ਤੇ ਪ੍ਰੋਗਰਾਮ ਅਤੇ ਇਸਦੇ ਪ੍ਰਭਾਵ ਨੂੰ ਦੇਖੋ ਤੇ ਮੁਲਾਂਕਣ ਕਰੇਗੀ।

## ਮੇਰੀ ਇਹ ਜਾਣਕਾਰੀ ਕਿਸ ਨੂੰ ਪ੍ਰਦਾਨ ਕੀਤੀ ਜਾਵੇਗੀ?

ਰਜਿਸਟਰ ਵਿੱਚ ਰੱਖੀ ਗਈ ਨਿੱਜੀ ਜਾਣਕਾਰੀ ਨੂੰ ਸਿਹਤ ਅਤੇ ਦੂਜੇ ਪੇਸ਼ਾਵਰ ਲੋਕਾਂ ਨੂੰ ਪ੍ਰਦਾਨ ਕੀਤਾ ਜਾ ਸਕਦਾ ਹੈ ਜੋ ਪ੍ਰੋਗਰਾਮ ਦੇ ਅਧੀਨ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਵੇਂ ਕਿ:

- ਤੁਹਾਡੇ ਨਾਮਜ਼ਦ ਡਾਕਟਰ ਨੂੰ
- ਡਾਕਟਰੀ ਮਾਹਿਰਾਂ ਨੂੰ
- ਤੁਹਾਡੇ ਨਮੂਨਿਆਂ ਦੀ ਜਾਂਚ ਲਈ ਜ਼ਿੰਮੇਵਾਰ ਪ੍ਰਯੋਗਸ਼ਾਲਾ ਨੂੰ
- ਰਾਜ ਅਤੇ ਪਰਦੇਸ ਦੇ ਸਿਹਤ ਵਿਭਾਗਾਂ ਦੇ ਕਰਮਚਾਰੀਆਂ ਅਤੇ ਠੇਕੇਦਾਰ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ
- ਆਸਟ੍ਰੇਲੀਆ ਦੀ ਸਰਕਾਰ ਦੇ ਸਿਹਤ ਵਿਭਾਗ ਨੂੰ
- ਆਸਟਰੇਲੀਅਨ ਇੰਸਟੀਚਿਊਟ ਆਫ਼ ਹੈਲਥ ਐਂਡ ਵੈਲਫੇਅਰ ਨੂੰ
- ਅਧਿਕਾਰਤ ਤੀਸਰੀ ਧਿਰ ਸੇਵਾ ਪ੍ਰਦਾਤਾ ਨੂੰ
- ਕੋਈ ਵੀ ਨਾਮਜ਼ਦ ਕੀਤੀ ਤੀਜੀ ਧਿਰ ਨੂੰ।

## ਗੁਪਤਤਾ

ਪ੍ਰੋਗ੍ਰਾਮ ਰਜਿਸਟਰ ਉੱਤੇ ਤੁਹਾਡੀ ਨਿੱਜੀ ਜਾਣਕਾਰੀ ਅਤੇ ਜਾਂਚ ਦੇ ਰੱਖੇ ਨਤੀਜੇ *ਪ੍ਰਾਈਵੇਸੀ ਐਕਟ 1988* ਦੁਆਰਾ ਸੁਰੱਖਿਅਤ ਹਨ ਅਤੇ ਉਸ ਐਕਟ ਦੇ ਤਹਿਤ ਨਿਰਧਾਰਤ ਆਸਟਰੇਲੀਅਨ ਗੋਪਨੀਯਤਾ ਦੇ ਨਿਯਮਾਂ ਅਨੁਸਾਰ ਨਿਪਟਾਏ ਜਾਣਗੇ।

ਹੋਰ ਜਾਣਕਾਰੀ ਪ੍ਰੋਗਰਾਮ ਦੀ ਵੈੱਬਸਾਈਟ ਉਪਰ ਉਪਲਬਧ ਹੈ
www.cancerscreening.gov.au/nbcsp-privacy




**ਜੇ ਜਲਦੀ ਪਤਾ ਲੱਗ ਜਾਵੇ
ਤਾਂ ਅੰਤੜੀ ਦੇ ਕੈਂਸਰ ਦਾ ਸਫਲਤਾ ਪੂਰਵਕ
ਇਲਾਜ ਕੀਤਾ ਜਾ ਸਕਦਾ ਹੈ**

For information in your language go to www.cancerscreening.gov.au/translations or call the Translating and Interpreting Service on 13 14 50.

ARABIC

للمعلومات باللغة العربية تفضل بزيارة الموقع الإلكتروني
www.cancerscreening.gov.au/translations أو اتصل
بخدمة الترجمة الخطية والشفهية على الرقم 13 14 50.

ASSYRIAN

ܩܵܐ ܡܲܥܠܘܼܡܵܝܘܼܬܵܐ ܒܠܸܫܵܢܵܐ ܐܵܬܘܿܪܵܝܵܐ، ܚܙܝܼܡܘܼܢ ܠܗܵܕܵܐ
www.cancerscreening.gov.au/translations ܝܢ ܩܪܘܿ، ܩܵܐ ܫܘܼܠܚܵܦܵܐ
ܕܬܲܪܓܡܵܢܘܼܬܵܐ ܘܦܘܼܫܵܩܵܐ (Translating and Interpreting Service) ܒܸܬ
ܡܸܢܝܵܢܵܐ 13 14 50.

CHINESE SIMPLIFIED

关于这个计划的中文资料请见：
www.cancerscreening.gov.au/translations您也可以致电翻译口译服务处，号码是13 14 50。

CHINESE TRADITIONAL

關於這個計劃的中文資料請見：
www.cancerscreening.gov.au/translations 您也可以致電翻譯口譯服務處，號碼是13 14 50。

CROATIAN

Za informacije o programu na hrvatskom jeziku idite na www.cancerscreening.gov.au/translations, ili nazovite Službu prevoditelja i tumača na 13 14 50.

GREEK

Για πληροφορίες στα ελληνικά επισκεφθείτε το www.cancerscreening.gov.au/translations ή καλέστε την Υπηρεσία Μεταφραστών και Διερμηνέων στο 13 14 50.

HAZARAGI

بلده مالومات ده زیبون هزارگی، ده ویبسایت زیر مراجعه کنین
www.cancerscreening.gov.au/translations و یا که ده
شماره 13 14 50 با خدمات ترجمانی تماس بیگرین.

HINDI

हिन्दी में सूचना के लिए www.cancerscreening.gov.au/translations देखें या अनुवाद एवं दुभाषिया सेवा (Translating and Interpreting Service) को 13 14 50 पर फोन करें।

ITALIAN

Per informazioni in italiano visitate www.cancerscreening.gov.au/translations o chiamate il Servizio traduzioni e interpretariato al numero 13 14 50.

KHMER

សម្រាប់ព័ត៌មានបន្ថែមទៀតជាភាសាខ្មែរ សូមមើលគេហទំព័រ
www.cancerscreening.gov.au/translations
ឬទូរស័ព្ទទៅសេវាបកប្រែ សរសេរ និងនិយាយ តាមលេខ 13 14 50។

KOREAN

한국어로 된 정보를 원하시면
www.cancerscreening.gov.au/translations 를 방문하시거나 통번역 서비스13 14 50로 연락하시기 바랍니다.

MACEDONIAN

За информации на македонски јазик одете на www.cancerscreening.gov.au/translations или јавете се на Службата за писмено и усмено преведување на 13 14 50.

NEPALESE

त्रको माथिल्लो भागमा उल्लेख गरिए बमोजिम नेपालिमा जानकारीको लागि www.cancerscreening.gov.au/translations मा जानुहोला अथवा ट्रान्सलेटिङ्ग एण्ड ईन्टरपेटिंङ्ग सर्भिस को १३१ ४५० मा सम्पर्क गर्नुहोला।

PERSIAN

برای کسب اطلاعات به فارسی، به آدرس
www.cancerscreening.gov.au/translations مراجعه کنید یا
با خدمات ترجمه کتبی و شفاهی به شماره 13 14 50 تماس بگیرید.

POLISH

Informację o programie w języku polskim znaleźć można na stronie www.cancerscreening.gov.au/translations, lub dzwoniąc do Telefonicznej Służby Tłumaczy pod numer 13 14 50.

PORTUGUESE

Para informações em português acesse www.cancerscreening.gov.au/translations ou ligue para o Serviço de Tradutores e Intérpretes discando 13 14 50.

PUNJABI

ਪੰਜਾਬੀ ਵਿੱਚ ਜਾਣਕਾਰੀ ਵਾਸਤੇ www.cancerscreening.gov.au/translations ਉੱਤੇ ਜਾਓ ਜਾਂ ਅਨੁਵਾਦ ਤੇ ਦੁਭਾਸ਼ੀਆ ਸੇਵਾ (Translating and Interpreting Service) ਨੂੰ 13 14 50 ਤੇ ਫੋਨ ਕਰੋ।

RUSSIAN

За информацией на русском языке перейдите на сайт: www.cancerscreening.gov.au/translations или позвоните в Службу письменного и устного перевода TIS по тел. 13 14 50.

SERBIAN

За информације на српском, погледајте www.cancerscreening.gov.au/translations или назовите Службу преводилаца и тумача на 13 14 50.

SPANISH

Para obtener información en español, visite www.cancerscreening.gov.au/translations, o llame al Servicio de Traducción e Interpretación, en el 13 14 50.

TURKISH

Türkçe bilgi için www.cancerscreening.gov.au/translations adresini ziyaret edebilir veya 13 14 50'den Yazılı ve Sözlü Çeviri Servisi'ni arayabilirsiniz.

VIETNAMESE

Muốn biết thông tin tiếng Việt, truy cập www.cancerscreening.gov.au/translations, hoặc gọi cho Dịch vụ Thông Phiên dịch (TIS) qua số 13 14 50.

# ਬਾਹਰ ਨਿਕਲਣ ਵਾਲਾ ਫਾਰਮ

ਜੇ ਤੁਸੀਂ ਪ੍ਰੋਗਰਾਮ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ ਤਾਂ ਇਸ ਫਾਰਮ ਦੀ ਵਰਤੋਂ ਕਰੋ।

ਸ਼ਨਾਖਤੀ ਨੰਬਰ ☐☐☐☐☐☐☐☐☐☐

(ਤੁਹਾਨੂੰ ਇਹ ਤੁਹਾਡੇ ਸੱਦਾ-ਪੱਤਰ ਦੇ ਸਿਖਰ ਤੇ ਮਿਲੇਗਾ)

ਪਰਿਵਾਰਕ ਨਾਮ ______ ਜਨਮ ਤਾਰੀਖ __ / __ / __

ਦਿੱਤਾ ਹੋਇਆ ਨਾਮ (ਦਿੱਤੇ ਹੋਏ ਨਾਮ) ______ ਇਸਤਰੀ ☐ ਪੁਰਸ਼ ☐

ਕਿਰਪਾ ਕਰਕੇ ਪ੍ਰੋਗਰਾਮ ਨੂੰ ਬੰਦ ਕਰਨ ਦਾ ਆਪਣਾ ਕਾਰਣ ਦਿਉ:

- ☐ ਨਿਯਮਤ ਤੌਰ ਤੇ ਕੋਲੋਨੋਸਕੋਪੀਆਂ ਕਰਵਾਓ
- ☐ ਨਿਯਮਤ FOBT ਸਕ੍ਰੀਨਿੰਗ ਕਰਾਓ
- ☐ ਭਾਗ ਨਾ ਲੈਣ ਲਈ ਡਾਕਟਰੀ ਸਲਾਹ ਲਵੋ
- ☐ ਕੈਂਸਰ ਦੀ ਦੇਖਭਾਲ ਦੇ ਅਧੀਨ
- ☐ ਗੁਪਤਤਾ ਬਾਰੇ ਚਿੰਤਾ
- ☐ ਪ੍ਰਕਿਰਿਆ ਦੇ ਨਾਲ ਬੇਅਰਾਮੀ
- ☐ ਇਛੁਕ ਨਾ ਹੋਣਾ
- ☐ ਹੋਰ

ਬਾਹਰ ਨਿਕਲਣ ਦੀ ਚੋਣ ਕਰਨ ਬਾਰੇ ਮੈਂ ਸਮਝਦਾ ਹਾਂ:

- ਮੈਨੂੰ ਕੋਈ ਯਾਦ ਪੱਤਰ ਨਹੀਂ ਮਿਲੇਗਾ ਅਤੇ ਭਵਿੱਖ ਵਿੱਚ ਸਕ੍ਰੀਨ ਲਈ ਨਹੀਂ ਬੁਲਾਇਆ ਜਾਵੇਗਾ, ਜਦੋਂ ਤੱਕ ਕਿ ਮੈਂ ਉਸ ਪ੍ਰੋਗ੍ਰਾਮ ਨੂੰ ਸੂਚਿਤ ਨਹੀਂ ਕਰਦਾ ਕਿ ਮੈਂ ਸ਼ਾਮਲ ਹੋਣਾ ਚਾਹੁੰਦਾ ਹਾਂ।
- ਜੇ ਮੈਂ ਪ੍ਰੋਗਰਾਮ ਨੂੰ ਛੱਡ ਦਿੱਤਾ ਹੈ ਪਰ ਫਿਰ ਪ੍ਰੋਗਰਾਮ ਐੱਫ. ਓ.ਬੀ.ਟੀ. ਕਰਨ ਲਈ ਮਨ ਬਣਾ ਲਿਆ ਹੈ ਮੈਨੂੰ ਪ੍ਰੋਗਰਾਮ ਵਿੱਚ ਭਾਗੀਦਾਰ ਮੰਨਿਆ ਜਾਵੇਗਾ। ਇਸਦਾ ਮਤਲਬ ਹੈ ਕਿ ਮੇਰੀ ਜਾਂਚ ਦੇ ਨਤੀਜੇ ਪਰੋਗਰਾਮ ਰਜਿਸਟਰ ਵਿੱਚ ਦਰਜ ਕੀਤੇ ਜਾਣਗੇ ਅਤੇ ਜੇਕਰ ਲੋੜ ਪਵੇ ਤਾਂ ਮੈਨੂੰ ਯਾਦ ਪੱਤਰ ਵੀ ਭੇਜੇ ਜਾਣਗੇ ।

ਦਸਤਖਤ ਕੀਤੇ ਗਏ ______ ਤਾਰੀਖ ਪਾਈ ਗਈ __ / __ / __

ਕ੍ਰਿਪਾ ਕਰਕੇ ਧਿਆਨ ਦਿਓ: ਇਸ ਫਾਰਮ ਤੇ ਉਸ ਵਿਅਕਤੀ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ ਜਿਹੜਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਬੁਲਾਇਆ ਗਿਆ ਹੋਵੇ ਜਾਂ ਇਕ ਤੀਜੀ ਧਿਰ ਨੂੰ ਉਨ੍ਹਾਂ ਦੀ ਤਰਫੋਂ ਕੰਮ ਕਰਨ ਲਈ ਅਧਿਕਾਰਿਤ ਕੀਤਾ ਗਿਆ ਹੋਵੇ। ਜੇਕਰ ਨਾਮਜ਼ਦ ਦੀ ਤਰਫੋਂ ਦਸਤਖਤ ਹੋਣ ਤਾਂ ਕਿਰਪਾ ਕਰਕੇ ਉਹ ਆਪਣਾ ਨਾਮ ਅਤੇ ਸੰਪਰਕ ਜਾਣਕਾਰੀ ਪ੍ਰਦਾਨ ਕਰੇ।

ਅਧਿਕਾਰਤ ਤੀਜੀ ਧਿਰ ਦਾ ਨਾਮ ______

ਅਧਿਕਾਰਿਤ ਤੀਜੀ ਧਿਰ ਦੇ ਸੰਪਰਕ ਨੰਬਰ:

ਕੰਮ ਦਾ ਨੰਬਰ: (   ) ______ ਘਰ ਦਾ ਨੰਬਰ: (   ) ______ ਮੋਬਾਈਲ: ______

ਇਕ ਵਾਰ ਤੁਸੀਂ ਇਸ ਫਾਰਮ ਨੂੰ ਪੂਰਾ ਕਰ ਲੈਂਦੇ ਹੋ, ਤਾਂ ਕਿਰਪਾ ਕਰਕੇ ਇਸਨੂੰ ਕਿਤਾਬਚੇ ਵਿੱਚੋਂ ਪਾੜ ਲਓ ਅਤੇ ਇਸਨੂੰ ਹੇਠਾਂ ਦਿੱਤੇ ਪਤੇ ਤੇ ਪ੍ਰੋਗਰਾਮ ਰਜਿਸਟਰ ਨੂੰ ਭੇਜੋ (ਕੋਈ ਟਿਕਟ ਲਾਉਣੀ ਜ਼ਰੂਰੀ ਨਹੀਂ):

**NBCSP Register**
**Reply Paid 83245**
**Canberra BC ACT 2610**

# ਮੁਅੱਤਲੀ ਫਾਰਮ

ਇਹ ਫਾਰਮ ਉਸ ਸਮੇਂ ਵਰਤਿਆ ਜਾਣਾ ਹੈ ਜਦੋਂ ਤੁਸੀਂ ਕੁਝ ਸਮੇਂ ਦੀ ਮਿਆਦ ਲਈ ਪ੍ਰੋਗਰਾਮ ਵਿੱਚ ਆਪਣੀ ਭਾਗੀਦਾਰੀ ਮੁਅੱਤਲ ਕਰਨਾ ਚਾਹੁੰਦੇ ਹੋ ।

ਸ਼ਨਾਖਤੀ ਨੰਬਰ ☐☐☐☐☐☐☐☐☐☐

(ਤੁਹਾਨੂੰ ਇਹ ਤੁਹਾਡੇ ਸੱਦਾ-ਪੱਤਰ ਦੇ ਸਿਖਰ ਉਪਰ ਮਿਲੇਗਾ)

ਪਰਿਵਾਰਕ ਨਾਮ ____ ਜਨਮ ਦੀ ਤਾਰੀਖ / /

ਦਿੱਤਾ ਹੋਇਆ ਨਾਮ (ਦਿੱਤੇ ਹੋਏ ਨਾਮ) ____ ਇਸਤਰੀ ☐ ਪੁਰਸ਼ ☐

☐ ਡਾਕਟਰ ਦੀ ਸਲਾਹ ਲੈਣੀ

☐ ਹੁਣੇ ਹੁਣੇ ਹੋਈ ਅੰਤੜੀ ਦੇ ਕੈਂਸਰ ਦੀ ਸਕ੍ਰੀਨਿੰਗ

☐ ਹੁਣੇ ਹੁਣੇ ਹੋਈ ਕੋਲੋਨੋਸਕੋਪੀ

☐ ਬਿਮਾਰੀ

☐ ਯਾਤਰਾ ਕਰਨੀ

☐ ਹੋਰ

ਮੈਂ ਆਪਣੀ ਭਾਗੀਦਾਰੀ ਨੂੰ ਉਦੋਂ ਤਕ ਮੁਅੱਤਲ ਕਰਨਾ ਚਾਹੁੰਦਾ ਹਾਂ (ਹੇਠ ਲਿਖਿਆਂ ਵਿੱਚੋਂ ਇਕ ਉਤੇ ਨਿਸ਼ਾਨ ਲਗਾਓ):

☐ / / (ਕ੍ਰਿਪਾ ਕਰਕੇ ਉਹ ਤਾਰੀਖ ਦਰਜ ਕਰੋ ਜਿਸ ਉਪਰ ਤੁਸੀਂ ਪ੍ਰੋਗਰਾਮ ਵਿੱਚ ਦੁਬਾਰਾ ਦਾਖਲਾ ਹੋਣਾ ਚਾਹੁੰਦੇ ਹੋ। ਪਰ ਇਹ ਤੁਹਾਨੂੰ ਭੇਜੇ ਸੱਦੇ ਦੀ ਤਾਰੀਖ ਤੋਂ ਇਕ ਸਾਲ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ)

☐ ਮੈਂ ਅਗਲੇ ਪ੍ਰੋਗਰਾਮ ਵਿੱਚ ਭਾਗ ਲੈਣ ਦੇ ਯੋਗ ਹਾਂ

ਦਸਤਖਤ ਕੀਤੇ ____ ਤਾਰੀਖ ਪਾਈ ਗਈ / /

ਕ੍ਰਿਪਾ ਧਿਆਨ ਦਿਓ: ਇਸ ਫਾਰਮ ਤੇ ਉਸ ਵਿਅਕਤੀ ਦੁਆਰਾ ਦਸਤਖਤ ਹੋਣੇ ਚਾਹੀਦੇ ਹਨ ਜਿਸਨੂੰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਬੁਲਾਇਆ ਗਿਆ ਹੋਵੇ ਜਾਂ ਉਹਨਾਂ ਦੇ ਥਾਵੇਂ ਤੀਸਰੀ ਧਿਰ ਨੂੰ ਅਧਿਕਾਰ ਦਿੱਤਾ ਗਿਆ ਹੋਵੇ। ਜੇਕਰ ਤੁਸੀਂ ਸੱਦੇ ਗਏ ਵਿਅਕਤੀ ਦੀ ਥਾਵੇਂ ਦਸਤਖਤ ਕਰ ਰਹੇ ਹੋ ਕਿਰਪਾ ਆਪਣਾ ਨਾਮ ਤੇ ਸੰਪਰਕ ਦੀ ਜਾਣਕਾਰੀ ਪ੍ਰਦਾਨ ਕਰੋ:

ਅਧਿਕਾਰਤ ਤੀਜੀ ਧਿਰ ਦਾ ਨਾਮ ____

ਅਧਿਕਾਰਿਤ ਤੀਜੀ ਧਿਰ ਦੇ ਸੰਪਰਕ ਨੰਬਰ:

ਕੰਮ: ( ) ਘਰ: ( ) ਮੋਬਾਇਲ:

ਇਕ ਵਾਰ ਜਦੋਂ ਤੁਸੀਂ ਇਸ ਫਾਰਮ ਨੂੰ ਪੂਰਾ ਕਰ ਲੈਂਦੇ ਹੋ, ਤਾਂ ਕਿਰਪਾ ਕਰਕੇ ਇਸਨੂੰ ਕਿਤਾਬਚੇ ਵਿੱਚੋਂ ਪਾੜ ਲਓ ਅਤੇ ਇਸਨੂੰ ਹੇਠ ਦਿੱਤੇ ਪਤੇ ਤੇ ਪ੍ਰੋਗਰਾਮ ਰਜਿਸਟਰ ਕੋਲ ਭੇਜੋ (ਡਾਕ ਟਿਕਟ ਦੀ ਕੋਈ ਲੋੜ ਨਹੀਂ):

**NBCSP Register**
**Reply Paid 83245**
**Canberra BC ACT 2610**

## ਸਹਾਇਤਾ ਦੀ ਲੋੜ ਹੈ?

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਹੇਠ ਲਿਖੀਆਂ ਸੰਸਥਾਵਾਂ ਤੁਹਾਡੀ ਸਹਾਇਤਾ ਕਰ ਸਕਦੀਆਂ ਹਨ।

| ਜੇ ਤੁਸੀਂ ਚਾਹੁੰਦੇ ਹੋ... | ਸੰਸਥਾਵਾਂ | ਸੰਪਰਕ ਜਾਣਕਾਰੀ |
|---|---|---|
| • ਪ੍ਰੋਗਰਾਮ ਬਾਰੇ ਹੋਰ ਪਤਾ ਕਰਨਾ | ਕੌਮੀ ਅੰਤੜੀ ਦੇ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਦੀ ਜਾਣਕਾਰੀ ਲਾਈਨ | **1800 118 868**<br>www.cancerscreening.gov.au/bowel |
| • ਜਾਂਚ ਕਿੱਟ ਨੂੰ ਕਿਵੇਂ ਵਰਤਣਾ ਹੈ ਦੇ ਬਾਰੇ ਪ੍ਰਸ਼ਨ ਪੁੱਛਣਾ | ਜਾਂਚ ਕਿੱਟ ਦੀ ਸਹਾਇਤਾ ਲਾਈਨ | **1800 930 998**<br>ਛੋਟੀ ਵੀਡੀਓ ਦੇਖੋ ਜਾਂ<br>www.cancerscreening.gov.au/bowel<br>ਵੈੱਬਸਾਈਟ ਉਪਰ ਜਾਓ |
| • ਦੁਭਾਸ਼ੀਆ ਸੇਵਾਵਾਂ ਤਕ ਪਹੁੰਚ | ਅਨੁਵਾਦ ਅਤੇ ਦੁਭਾਸ਼ੀਆ ਸੇਵਾ | **13 14 50**<br>www.tisnational.gov.au |
| • ਅਨੁਵਾਦਿਤ ਸਮੱਗਰੀ ਅਤੇ ਚਿਠੀਆਂ ਤੱਕ ਪਹੁੰਚ | ਕੌਮੀ ਅੰਤੜੀ ਦੇ ਕੈਂਸਰ ਦਾ ਸਕ੍ਰੀਨਿੰਗ ਪ੍ਰੋਗਰਾਮ | www.cancerscreening.gov.au/translations |
| • ਸੁਣਨ ਵਿੱਚ ਕਮਜ਼ੋਰੀ ਹੋਣ ਉਤੇ ਸਹਾਇਤਾ ਲਈ ਸੇਵਾਵਾਂ ਨੂੰ ਪਹੁੰਚ | ਟੈਲੀਟਾਈਪ ਰਾਈਟਰ (ਟੀ ਟੀ ਵਾਈ) ਸੇਵਾ | **1800 810 586** |
| • ਕੈਂਸਰ ਬਾਰੇ ਸਿਖਲਾਈ ਪ੍ਰਾਪਤ ਸਟਾਫ ਨਾਲ ਗੱਲ-ਬਾਤ<br>• ਪਤਾ ਕਰੋ ਕਿ ਸਥਾਨਕ ਕੈਂਸਰ ਸੇਵਾਵਾਂ ਕਿਵੇਂ ਉਪਲਬਧ ਹੁੰਦੀਆਂ ਹਨ | ਕੈਂਸਰ ਕੌਂਸਲ | **13 11 20**<br>www.cancer.org.au |

ਇਸ ਕਿਤਬਚੇ ਵਿੱਚ ਛਪੀ ਸਾਰੀ ਜਾਣਕਾਰੀ ਨਵੰਬਰ 2017 ਨੂੰ ਸਹੀ ਹੈ

11910 ਨਵੰਬਰ 2017